# State Visit of the President of India to Bangladesh (December 15-17, 2021)

December 17, 2021

## ਭਾਰਤ ਦੇ ਰਾਸ਼ਟਰਪਤੀ ਦੀ ਬੰਗਲਾਦੇਸ਼ ਦੀ ਅਧਿਕਾਰਤ ਫੇਰੀ (15-17 ਦਸੰਬਰ , 2021)

### 17 ਦਸੰਬਰ , 2021

1. ਬੰਗਲਾਦੇਸ਼ ਦੇ ਮਾਨਯੋਗ ਰਾਸ਼ਟਰਪਤੀ ਮਹਾਮਹਿਮ  ਸ਼੍ਰੀ ਅਬਦੁਲ ਹਾਮਿਦ  ਤੇ ਸੱਦੇ 'ਤੇ ਭਾਰਤ ਦੇ ਰਾਸ਼ਟਰਪਤੀ ਸ਼੍ਰੀ ਰਾਮ ਨਾਥ ਕੋਵਿੰਦ ਨੇ ਬੰਗਲਾਦੇਸ਼ ਦੇ 50ਵੇਂ ਵਿਜੇ ਦਿਵਸ ਸਮਾਰੋਹ ਵਿੱਚ ਸ਼ਾਮਲ ਹੋਣ ਲਈ 15 ਤੋਂ 17 ਦਸੰਬਰ, 2021 ਤੱਕ ਬਤੌਰ ਸਨਮਾਨਤ ਮਹਿਮਾਨ ਬੰਗਲਾਦੇਸ਼ ਦੀ ਰਾਜਕੀ ਫੇਰੀ ਕੀਤੀ।

2. ਇਹ ਰਾਸ਼ਟਰਪਤੀ ਵੱਲੋਂ ਬੰਗਲਾਦੇਸ਼ ਦੀ ਪਹਿਲੀ ਫੇਰੀ ਸੀ ਅਤੇ COVID -19 ਮਹਾਂਮਾਰੀ ਦੇ ਫੈਲਣ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਵਿਦੇਸ਼ ਯਾਤਰਾ ਵੀ ਸੀ। ਸਿੱਖਿਆ ਰਾਜ ਮੰਤਰੀ ਡਾ: ਸੁਭਾਸ਼ ਸਰਕਾਰ ਅਤੇ ਸੰਸਦ ਮੈਂਬਰ (ਲੋਕ ਸਭਾ) ਸ਼੍ਰੀ ਰਾਜਦੀਪ ਰਾਏ ਰਾਸ਼ਟਰਪਤੀ ਦੇ ਨਾਲ ਆਏ ਵਫ਼ਦ ਦਾ ਹਿੱਸਾ ਸਨ।

3. 1971 ਵਿੱਚ ਬੰਗਲਾਦੇਸ਼ ਦੇ ਆਜ਼ਾਦੀ ਸੰਘਰਸ਼ ਦੌਰਾਨ ਦੋਵਾਂ ਦੇਸ਼ਾਂ ਦੇ ਲੋਕਾਂ ਦੀਆਂ ਸਾਂਝੀਆਂ ਕੁਰਬਾਨੀਆਂ ਦੀ 50ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਇਹ ਫੇਰੀ  ਇਤਿਹਾਸਕ ਮਹੱਤਵ ਰੱਖਦੀ  ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ  ਮੋਦੀ ਨੇ 26 , 27 ਮਾਰਚ, 2021 ਨੂੰ ਬੰਗਲਾਦੇਸ਼ ਦਾ ਇਤਿਹਾਸਕ ਰਾਜਕੀ  ਦੌਰਾ ਕੀਤਾ ਸੀ।

4. ਰਾਸ਼ਟਰਪਤੀ ਨੇ ਸਾਵਰ ਵਿਖੇ ਰਾਸ਼ਟਰੀ ਸ਼ਹੀਦ ਸਮਾਰਕ 'ਤੇ ਆਜ਼ਾਦੀ ਘੋਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਕੇ ਆਪਣੀ ਫੇਰੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਵਿਖੇ ਸ਼ੇਖ ਮੁਜੀਬੁਰ ਰਹਿਮਾਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ।

5. 15 ਦਸੰਬਰ ਨੂੰ ਰਾਸ਼ਟਰਪਤੀ ਨੇ ਬੰਗਲਾਦੇਸ਼ ਦੇ ਰਾਸ਼ਟਰਪਤੀ ਮਹਾਮਹਿਮ ਸ਼੍ਰੀ  ਅਬਦੁਲ ਹਾਮਿਦ  ਨਾਲ ਵਫ਼ਦ ਪੱਧਰੀ  ਗੱਲਬਾਤ ਕੀਤੀ, ਜਿਸ ਵਿੱਚ ਦੋਵਾਂ ਪੱਖਾਂ ਨੇ ਦੁਵੱਲੇ ਸਬੰਧਾਂ ਵਿੱਚ ਹੋਈ ਤਰੱਕੀ ਦਾ ਜਾਇਜ਼ਾ ਲਿਆ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਫਾਇਦੇ ਲਈ ਸਹਿਯੋਗ ਨੂੰ ਹੋਰ ਡੂੰਘਾ ਕਰਨ ਦੇ ਤਰੀਕਿਆਂ ਬਾਰੇ ਚਰਚਾ ਕੀਤੀ।

6. ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਸ਼ੇਖ ਹਸੀਨਾ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਅਤੇ ਮਾਰਚ, 2021 ਵਿੱਚ ਹੋਈ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਬੰਗਲਾਦੇਸ਼ ਦੀ ਇਤਿਹਾਸਕ ਫੇਰੀ ਨੂੰ ਯਾਦ ਕੀਤਾ। ਨੇਤਾਵਾਂ ਨੇ 1971 ਦੀ ਭਾਵਨਾ ਅਤੇ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਵਿਰਾਸਤ ਦੇ ਮਹੱਤਵ ਨੂੰ ਉਜਾਗਰ ਕੀਤਾ। ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਡਾ: ਏ.ਕੇ. ਅਬਦੁਲ ਮੋਮਨ ਨੇ ਵੀ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਚੱਲ ਰਹੇ ਦੁਵੱਲੇ ਸਹਿਯੋਗ ਬਾਰੇ ਜਾਣਕਾਰੀ ਦਿੱਤੀ।

7. 16 ਦਸੰਬਰ ਨੂੰ ਰਾਸ਼ਟਰਪਤੀ ਨੇ ਢਾਕਾ ਵਿੱਚ ਵਿਜੇ ਦਿਵਸ ਪਰੇਡ ਅੰਦਰ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਇਤਿਹਾਸਕ ਮੌਕੇ 'ਤੇ ਭਾਰਤੀ ਹਥਿਆਰਬੰਦ ਬਲਾਂ ਦੇ 122 ਮੈਂਬਰੀ ਤਿੰਨ-ਸੇਵਾ ਦਲ ਨੇ ਵੀ ਹਿੱਸਾ ਲਿਆ। ਬੰਗਲਾਦੇਸ਼ ਦੀ 1971 ਦੀ ਆਜ਼ਾਦੀ ਲੜਾਈ ਦੌਰਾਨ ਭਾਰਤੀ ਹਥਿਆਰਬੰਦ ਬਲਾਂ ਦੀ ਬਹਾਦਰੀ ਅਤੇ ਮਹਾਨ ਕੁਰਬਾਨੀਆਂ ਦੀ ਯਾਦ ਵਿੱਚ ਵਿੰਗ ਕਮਾਂਡਰ ਟੀ. ਆਸ਼ਾ ਜੋਤੀਰਮਈ ਨੇ ਬੰਗਲਾਦੇਸ਼ ਦੇ ਹਥਿਆਰਬੰਦ ਪੈਰਾਟ੍ਰਰੂਪਰਾਂ ਨਾਲ ਭਾਰਤੀ ਤਿਕੋਣੀ ਸੈਨਾਵਾਂ ਦਾ ਝੰਡਾ ਲਹਿਰਾਉਂਦੇ ਹੋਏ ਵਿਕਟਰੀ ਪਰੇਡ ਵਿਚ ਫੋਰਸਾਂ ਨਾਲ ਪੈਰਾ ਜੰਪ ਕੀਤਾ।

8. ਸ਼ਾਮ ਨੂੰ ਰਾਸ਼ਟਰਪਤੀ ਨੇ ਬੰਗਲਾਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀ ਮੌਜੂਦਗੀ ਵਿੱਚ ਬੰਗਲਾਦੇਸ਼ ਦੀ ਸੰਸਦ ਦੇ ਦੱਖਣੀ ਪਲਾਜ਼ਾ ਵਿਖੇ ਬੰਗਲਾਦੇਸ਼ ਦੀ ਸੁਤੰਤਰਤਾ ਦੀ ਗੋਲਡਨ ਜੁਬਲੀ ਅਤੇ ਮੁਜੀਬ ਬੋਰਸ਼ੋ ਦੀ ਸਮਾਪਤੀ ਦੇ ਜਸ਼ਨਾਂ ਅਤੇ ਹੋਰ ਪਤਵੰਤਿਆਂ ਨਾਲ ਹੋਏ ਵਿਸ਼ੇਸ਼ ਸਮਾਗਮ ਵਿੱਚ ਭਾਸ਼ਣ ਦਿੱਤਾ।

9. 17 ਦਸੰਬਰ ਨੂੰ ਰਾਸ਼ਟਰਪਤੀ ਨੇ ਢਾਕਾ ਵਿੱਚ ਨਵੇਂ ਬਣੇ ਸ਼੍ਰੀ  ਰਾਮਨਾ ਕਾਲੀ ਮੰਦਰ ਦਾ ਉਦਘਾਟਨ ਕੀਤਾ, ਜਿਸ ਨੂੰ ਮਾਰਚ 1971 ਵਿੱਚ ਪਾਕਿਸਤਾਨੀ ਫੌਜਾਂ ਦੁਆਰਾ ਤਬਾਹ ਕਰ ਦਿੱਤਾ ਗਿਆ ਸੀ। ਇਸ ਮੌਕੇ ਦੀ ਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਨੇ ਭਾਰਤੀ ਜੰਗੀ ਸੈਨਿਕਾਂ ਅਤੇ ਬੰਗਲਾਦੇਸ਼ ਦੇ ਮੁਕਤੀ ਯੋਧਿਆਂ ਨਾਲ ਵੀ ਗੱਲਬਾਤ ਕੀਤੀ। ਬਾਅਦ ਵਿੱਚ ਉਨ੍ਹਾਂ ਨੇ ਬੰਗਲਾਦੇਸ਼ੀ ਸਮਾਜ ਅਤੇ ਭਾਰਤੀ ਭਾਈਚਾਰੇ ਦੇ ਭਾਗੀਦਾਰਾਂ  ਨਾਲ ਜੀਵਨ ਦੇ ਵੱਖ-ਵੱਖ ਖੇਤਰਾਂ ਦੀ ਨੁਮਾਇੰਦਗੀ ਕਰਨ ਵਾਲੇ ਭਾਰਤ ਦੇ ਦੋਸਤਾਂ ਦੇ ਇਕੱਠ ਨੂੰ ਸੰਬੋਧਨ ਕੀਤਾ।

10. ਫੇਰੀ ਦੌਰਾਨ ਕਈ ਅਹਿਮ ਫੈਸਲੇ ਅਤੇ ਐਲਾਨ ਕੀਤੇ ਗਏ। ਇਹਨਾਂ ਵਿੱਚ ਢਾਕਾ ਵਿੱਚ ਲਿਬਰੇਸ਼ਨ ਵਾਰ ਮਿਊਜ਼ੀਅਮ ਨੂੰ ਬੰਗਬੰਧੂ-ਬਾਪੂ ਡਿਜੀਟਲ ਪ੍ਰਦਰਸ਼ਨੀ ਦਾ ਤੋਹਫ਼ਾ ਦੇਣਾ ਸ਼ਾਮਲ ਹੈ; ਦਿੱਲੀ ਯੂਨੀਵਰਸਿਟੀ ਵਿੱਚ ਬੰਗਬੰਧੂ ਚੇਅਰ ਲਈ ਪਹਿਲੇ ਕਾਬਜ਼ ਵਿਅਕਤੀ ਦਾ ਐਲਾਨ; ਅਤੇ ਨੂਤਨ ਇੰਡੀਆ - ਬੰਗਲਾਦੇਸ਼ ਮੈਤਰੀ ਮੁਕਤੀ ਯੋਧਾ ਸੋਨਟਨ ਸਕਾਲਰਸ਼ਿਪ ਸਕੀਮ ਦਾ ਪੰਜ ਸਾਲਾਂ ਦੀ ਮਿਆਦ ਲਈ ਵਿਸਤਾਰ ਕਰਨਾ ਸ਼ਾਮਲ ਹੈ । ਬੰਗਲਾਦੇਸ਼ ਦੇ ਰਾਸ਼ਟਰੀ ਅਜਾਇਬ ਘਰ ਨੂੰ 1971

ਯੁੱਗ ਦਾ ਮਿਗ-21 ਜਹਾਜ਼ ਤੋਹਫੇ ਵਜੋਂ ਦਿੱਤਾ ਗਿਆ। ਰਾਸ਼ਟਰਪਤੀ ਵੱਲੋਂ ਬੰਗਲਾਦੇਸ਼ ਦੇ ਰਾਸ਼ਟਰਪਤੀ ਨੂੰ ਜਹਾਜ਼ ਦੀ ਨਕਲ ਸੌਂਪੀ ਗਈ।

11. ਬੰਗਲਾਦੇਸ਼ ਨਾਲ ਭਾਰਤ ਦਾ ਰਿਸ਼ਤਾ ਇਸਦੀ 'ਗੁਆਂਢੀ ਪਹਿਲਾਂ' ਅਤੇ 'ਐਕਟ ਈਸਟ ਪਾਲਿਸੀਆਂ' ਦੇ ਮੁੱਖ ਥੰਮ੍ਹਾਂ ਵਿੱਚੋਂ ਇੱਕ ਹੈ। ਭਾਰਤ ਅਤੇ ਬੰਗਲਾਦੇਸ਼ ਦਾ ਵਪਾਰ ਅਤੇ ਸੰਪਰਕ, ਊਰਜਾ ਅਤੇ ਬਿਜਲੀ, ਜਲ ਸਰੋਤ, ਸਰਹੱਦ ਪ੍ਰਬੰਧਨ, ਰੱਖਿਆ ਅਤੇ ਸੁਰੱਖਿਆ, ਸੱਭਿਆਚਾਰ ਅਤੇ ਲੋਕ ਪੱਧਰੀ ਸਬੰਧਾਂ ਸਮੇਤ ਵੱਖ - ਵੱਖ ਖੇਤਰਾਂ ਵਿੱਚ ਮਜ਼ਬੂਤ ਅਤੇ ਬਹੁਪੱਖੀ ਦੁਵੱਲਾ ਸਹਿਯੋਗ ਹੈ।

12. 50ਵੇਂ ਵਿਜੇ ਦਿਵਸ ਦੇ ਇਤਿਹਾਸਕ ਮੌਕੇ 'ਤੇ ਭਾਰਤ ਦੇ ਰਾਸ਼ਟਰਪਤੀ ਦੀ ਬੰਗਲਾਦੇਸ਼ ਦੀ ਫੇਰੀ ਇਸ ਗੱਲ ਦਾ ਸਬੂਤ ਹੈ ਕਿ ਦੋਵੇਂ ਦੇਸ਼ ਇੱਕ ਦੂਜੇ ਨੂੰ ਬਹੁਤ ਤਰਜੀਹ ਦਿੰਦੇ ਹਨ ਅਤੇ ਇਹ ਸਾਂਝੀਆਂ ਕਦਰਾਂ-ਕੀਮਤਾਂ, ਆਪਸੀ ਵਿਸ਼ਵਾਸ ਅਤੇ ਸਮਝ 'ਤੇ ਆਧਾਰਿਤ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਉਨ੍ਹਾਂ ਦੀ ਇੱਛਾ ਦਾ ਸਬੂਤ ਹੈ।

ਢਾਕਾ
17 ਦਸੰਬਰ, 2021

DISCLAIMER: This is an approximate translation. The original is available in English on MEA's website and may be referred to as the official press release.